# ਪ੍ਰੌਕਟਾਇਟਿਸ Proctitis

ਗੁਦਾ ਦੀ ਅੰਦਰਲੀ ਤਹਿ ਦੀ ਸੋਜਿਸ਼ ਨੂੰ ਪ੍ਰੌਕਟਾਇਟਿਸ ਕਿਹਾ ਜਾਂਦਾ ਹੈ। ਇਸ ਦੇ ਕਈ ਕਾਰਣ ਹੁੰਦੇ ਹਨ ਪਰ ਜਿਨਸੀ ਸੰਬੰਧਾਂ ਕਰਕੇ ਲਗਣ ਵਾਲੀ ਲਾਗ (ਐੱਸ ਟੀ ਆਈ) ਇਸ ਦਾ ਸਭ ਤੋਂ ਆਮ ਕਾਰਣ ਹਨ। ਭਾਵੇਂ ਪ੍ਰੌਕਟਾਇਟਿਸ ਉਦੋਂ ਹੋਣੀ ਜ਼ਿਆਦਾ ਆਮ ਹੈ ਜਦੋਂ ਤੁਸੀਂ ਸੰਭੋਗ ਕਰ ਰਹੇ ਹੁੰਦੇ ਹੋ, ਪਰ ਜੇ ਤੁਸੀਂ ਕਦੇ ਵੀ ਸੰਭੋਗ ਨਹੀਂ ਕੀਤਾ ਇਹ ਫਿਰ ਵੀ ਹੋ ਸਕਦੀ ਹੈ।

ਆਮ ਤੌਰ ’ਤੇ ਪ੍ਰੌਕਟਾਇਟਿਸ ਦਾ ਇਲਾਜ ਐਂਟੀਬਾਇਓਟਿਕ ਦਵਾਈਆਂ ਨਾਲ ਕੀਤਾ ਜਾ ਸਕਦਾ ਹੈ।

## ਕਾਰਣ Causes

ਪ੍ਰੌਕਟਾਇਟਿਸ ਅਕਸਰ ਗੁਦਾ ਰਾਹੀਂ ਸੰਭੋਗ ਪ੍ਰਾਪਤ ਕਰਨ ਨਾਲ ਹੋਈਆਂ ਜਿਨਸੀ ਸੰਬੰਧਾਂ ਵਾਲੀ ਲਾਗ (ਐੱਸ ਟੀ ਆਈ), ਜਿਵੇਂ ਕਿ ਕਲਾਮੀਡੀਆ, ਗੌਨੋਰੀਆ ਅਤੇ ਹਰਪੀਜ਼ ਸਿੰਪਲੈਕਸ ਵਾਇਰਸ ਕਾਰਣ ਹੁੰਦੀ ਹੈ। ਇਸ ਵਿੱਚ ਲਿੰਗ ਨੂੰ ਯੋਨੀ/ਗੁਦਾ ਅੰਦਰ ਪਾ ਕੇ ਕੀਤਾ ਜਾਣ ਵਾਲਾ ਸੰਭੋਗ ਅਤੇ ਸਰੀਰ ਦੇ ਤਰਲ ਪਦਾਰਥਾਂ ਦੇ ਆਦਾਨ-ਪ੍ਰਦਾਨ ਜਾਂ ਚਮੜੀ ਨਾਲ ਚਮੜੀ ਦੇ ਸਪਰਸ਼ ਵਾਲੀਆਂ ਕਾਮੁਕ ਗਤੀਵਿਧੀਆਂ ਸ਼ਾਮਲ ਹਨ। ਕਾਮ ਸੰਬੰਧੀ ਖਿਡੌਣੇ ਆਪਸ ਵਿੱਚ ਸਾਂਝੇ ਕਰਨ ਨਾਲ ਵੀ ਤੁਹਾਨੂੰ ਇਹ ਲਾਗ ਲਗ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਲਾਗ ਲਗੀ ਹੋਈ ਹੈ ਤਾਂ ਭਾਵੇਂ ਤੁਹਾਡੇ ਵਿੱਚ ਕੋਈ ਲੱਛਣ ਨਾ ਵੀ ਹੋਣ ਤਾਂ ਵੀ ਦੂਜਿਆਂ ਨੂੰ ਤੁਹਾਡੇ ਤੋਂ ਇਹ ਲਾਗ ਲਗ ਸਕਦੀ ਹੈ।

ਪ੍ਰੌਕਟਾਇਟਿਸ ਰੇਡੀਏਸ਼ਨ ਥੈਰੇਪੀ ਅਤੇ ਦਵਾਈਆਂ ਨਾਲ ਕੀਤੇ ਡਾਕਟਰੀ ਇਲਾਜ ਦਾ ਮਾੜਾ ਪ੍ਰਭਾਵ (ਸਾਈਡ ਇਫ਼ੈਕਟ) ਵੀ ਹੋ ਸਕਦੀ ਹੈ, ਜਾਂ ਇਹ ਸੋਜਿਸ਼ ਪੈਦਾ ਕਰਨ ਵਾਲੀਆਂ ਸਮੱਸਿਆਵਾਂ ਜਿਵੇਂ ਕਿ ਅਲਸਰੇਟਿਵ ਕੋਲਾਇਟਿਸ (ਅੰਤੜੀਆਂ ਦੀ ਸੋਜਿਸ਼) ਜਾਂ ਕ੍ਰੋਹਨਜ਼ ਡੀਜ਼ੀਜ਼ (ਇੱਕ ਕਿਸਮ ਦਾ ਅੰਤੜੀ ਰੋਗ) ਨਾਲ ਵੀ ਜੁੜੀ ਹੋ ਸਕਦੀ ਹੈ। ਇਸ ਦੇ ਹੋਰ ਕਾਰਣ ਵੀ ਹੋ ਸਕਦੇ ਹਨ, ਜਿਵੇਂ ਕਿ ਗੁਦਾ ਨੂੰ ਲੱਗੀ ਸੱਟ, ਸਰਜਰੀ, ਇਨਫ਼ੈਕਸ਼ਨਾਂ ਜੋ ਜਿਨਸੀ ਸੰਬੰਧਾਂ ਕਾਰਣ ਨਹੀਂ ਹੁੰਦੀਆਂ ਅਤੇ ਖਾਣ ਵਾਲੀਆਂ ਚੀਜਾਂ ਤੋਂ ਐਲਰਜੀ।

## ਲੱਛਣ Symptoms

ਪ੍ਰੌਕਟਾਇਟਿਸ ਦਾ ਸਭ ਤੋਂ ਆਮ ਲੱਛਣ ਹੈ ਬਾਰ-ਬਾਰ ਟੱਟੀ ਦਾ ਜ਼ੋਰ ਪੈਣਾ, ਭਾਵੇਂ ਟੱਟੀ ਥੋੜ੍ਹੀ ਜਾਂ ਬਿਲਕੁਲ ਵੀ ਨਾ ਆਉਂਦੀ ਹੋਵੇ, ਅਤੇ ਨਾਲ ਦਰਦ ਹੋਣਾ ਅਤੇ ਕੜਵੱਲ ਪੈਣੇ।

ਹੋਰ ਲੱਛਣਾਂ ਵਿੱਚ ਹੇਠ ਲਿਖੇ ਲੱਛਣ ਸ਼ਾਮਲ ਹਨ:

- ਟੱਟੀ ਵਿੱਚ ਚਿਪਚਿਪਾ ਪਦਾਰਥ ਜਾਂ ਖ਼ੂਨ ਆਉਣਾ
- ਗੁਦਾ ਵਿੱਚੋਂ ਅਸਾਧਾਰਣ ਰਿਸਾਵ ਜਾਂ ਖ਼ੂਨ ਨਿਕਲਣਾ
- ਗੁਦਾ ਜਾਂ ਮਲ-ਦੁਆਰ ਅੰਦਰ ਫ਼ਿਨਸੀਆਂ, ਫ਼ੋੜੇ, ਛਾਲੇ ਜਾਂ ਲਾਲੀ
- ਗੁਦਾ ਜਾਂ ਮਲ-ਦੁਆਰ ਵਿੱਚ ਦਰਦ ਹੋਣੀ

## ਟੈਸਟ ਅਤੇ ਰੋਗ ਦੀ ਪਛਾਣ Tests and Diagnosis

ਪ੍ਰੌਕਟਾਇਟਿਸ ਦੇ ਟੈਸਟ ਲਈ ਆਮ ਤੌਰ ’ਤੇ ਜਾਂਚ ਕੀਤੀ ਜਾਂਦੀ ਹੈ ਅਤੇ ਰੂਈ ਦੇ ਫੈਹੇ ਨਾਲ ਸੈਂਪਲ ਲਿਆ ਜਾਂਦਾ ਹੈ। ਜੇ ਦਸਤ, ਢਿੱਡ ਵਿੱਚ ਕੜਵੱਲ ਜਾਂ ਬੁਖ਼ਾਰ ਹੋਣ ਜਿਹੇ ਲੱਛਣ ਹੋਣ ਤਾਂ ਹੋਰਨਾ ਜਰਾਸੀਮਾਂ ਜਾਂ ਉਪਜੀਵਾਂ ਦੀ ਮੌਜੂਦਗੀ ਲਈ ਟੱਟੀ ਦੇ ਸੈਂਪਲ ਦੀ ਜਾਂਚ ਕੀਤੀ ਜਾਂਦੀ ਹੈ।

ਜੇ ਤੁਹਾਡੇ ਵਿੱਚ ਇਸ ਦੇ ਲੱਛਣ ਹੋਣ ਜਾਂ ਤੁਹਾਡੇ ਕਾਮੁਕ ਸਾਥੀ ਵਿੱਚ ਪ੍ਰੌਕਟਾਇਟਿਸ ਦੀ ਪਛਾਣ ਕੀਤੀ ਗਈ ਹੈ ਤਾਂ ਤੁਹਾਨੂੰ ਪ੍ਰੌਕਟਾਇਟਿਸ ਲਈ ਜਾਂਚ ਕਰਵਾਉਣੀ ਚਾਹੀਦੀ ਹੈ।

## ਇਲਾਜ Treatment

ਪ੍ਰੌਕਟਾਇਟਿਸ ਦਾ ਇਲਾਜ ਡਾਕਟਰੀ ਤਜਵੀਜ਼ ’ਤੇ ਮਿਲਣ ਵਾਲੀਆਂ ਐਂਟੀਬਾਇਓਟਿਕ ਦਵਾਈਆਂ ਨਾਲ ਕੀਤਾ ਜਾਂਦਾ ਹੈ। ਆਪਣੀਆਂ ਸਭ ਦਵਾਈਆਂ ਨੂੰ ਨਿਰਦੇਸ਼ਾਂ ਮੁਤਾਬਕ ਲੈਣਾ ਜਰੂਰੀ ਹੈ। ਜੇ ਤੁਸੀਂ ਦਵਾਈ ਦੀਆਂ ਕੋਈ ਖ਼ੁਰਾਕਾਂ ਖੁੰਝਾ ਦਿਓ ਤਾਂ ਹੋ ਸਕਦਾ ਹੈ ਕਿ ਤੁਹਾਡੀ ਲਾਗ ਠੀਕ ਨਾ ਹੋਵੇ। ਜੇ ਅਜਿਹਾ ਹੋਵੇ ਜਾਂ ਇਲਾਜ ਸ਼ੁਰੂ ਹੋਣ ਤੋਂ ਇੱਕ ਹਫ਼ਤਾ ਬਾਅਦ ਵੀ ਤੁਹਾਡੇ ਵਿੱਚ ਲੱਛਣ ਮੌਜੂਦ ਹੋਣ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲੋ।

ਇਹ ਮਹੱਤਵਪੂਰਣ ਹੈ ਕਿ ਇਲਾਜ ਸ਼ੁਰੂ ਹੋਣ ਤੋਂ ਬਾਅਦ ਇੱਕ ਹਫ਼ਤੇ ਤਕ ਸੰਭੋਗ ਨਾ ਕੀਤਾ ਜਾਵੇ (ਨਿਰੋਧ ਨਾਲ ਵੀ ਨਹੀਂ)। ਜੇ ਇਸ ਸਮੇਂ ਦੌਰਾਨ ਤੁਸੀਂ ਸੰਭੋਗ ਕਰਦੇ ਹੋ ਤਾਂ ਤੁਹਾਡੇ ਤੋਂ ਤੁਹਾਡੇ ਕਾਮੁਕ ਸਾਥੀਆਂ ਨੂੰ ਐੱਸ ਟੀ ਆਈ ਹੋ ਸਕਦੀ ਹੈ ਜਾਂ ਤੁਹਾਨੂੰ ਦੁਬਾਰਾ ਹੋ ਸਕਦੀ ਹੈ। ਜੇ ਅਜਿਹਾ ਹੋਵੇ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਕਾਮੁਕ ਸਾਥੀ Sexual Partners

ਪਿਛਲੇ ਦੋ ਮਹੀਨਿਆਂ ਦੌਰਾਨ ਤੁਸੀਂ ਜਿਹੜੇ ਵਿਅਕਤੀਆਂ ਨਾਲ ਸੰਭੋਗ ਕੀਤਾ ਹੈ, ਐੱਸ ਟੀ ਆਈ ਲਈ ਉਨ੍ਹਾਂ ਦੀ ਜਾਂਚ ਅਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ। ਜੇ ਤੁਸੀਂ ਬੀਤੇ ਦੋ ਮਹੀਨਿਆਂ ਦੌਰਾਨ ਸੰਭੋਗ ਨਹੀਂ ਕੀਤਾ ਹੈ ਤਾਂ ਉਸ ਵਿਅਕਤੀ ਦਾ ਟੈਸਟ ਅਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਤੁਸੀਂ ਪਿਛਲੀ ਵਾਰੀ ਸੰਭੋਗ ਕੀਤਾ ਸੀ।

ਆਪਣੇ ਕਾਮੁਕ ਸਾਥੀਆਂ ਨੂੰ ਇਸ ਬਾਰੇ ਦੱਸਣ ਦੇ ਵੱਖ-ਵੱਖ ਤਰੀਕੇ ਹਨ। ਤੁਸੀਂ ਆਪਣੇ ਕਾਮੁਕ ਸਾਥੀਆਂ ਨੂੰ ਖ਼ੁਦ ਜਾਂ ਗੁਮਨਾਮ ਰਹਿ ਕੇ ਦੱਸ ਸਕਦੇ ਹੋ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਕਿ ਤੁਹਾਡੇ ਲਈ ਕੀ ਸਹੀ ਹੈ।

## ਉਲਝਣਾਂ Complications

ਜੇ ਤੁਸੀਂ ਪ੍ਰੌਕਟਾਇਟਿਸ ਦਾ ਇਲਾਜ ਛੇਤੀ ਕਰ ਲਓ ਤਾਂ ਆਮ ਤੌਰ ’ਤੇ ਕੋਈ ਹੋਰ ਸਿਹਤ ਸਮੱਸਿਆਵਾਂ ਨਹੀਂ ਹੁੰਦੀਆਂ। ਜੇ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਪ੍ਰੌਕਟਾਇਟਿਸ ਕਾਰਣ ਗੰਭੀਰ ਉਲਝਣਾਂ ਪੈਦਾ ਹੋ ਸਕਦੀਆਂ ਹਨ ਜਿਨ੍ਹਾਂ ਵਿੱਚ ਹੇਠ ਲਿਖੀਆਂ ਸਮੱਸਿਆਵਾਂ ਸ਼ਾਮਲ ਹਨ:

- ਗੁਦਾ ਦੁਆਰ ਦਾ ਸੁੰਗੜਨਾ
- ਗੁਦਾ ’ਤੇ ਫ਼ਿਸਟੁਲਾ ਬਣਨਾ (ਗੁਦਾ ਦੁਆਰ ਅਤੇ ਆਲ਼ੇ-ਦੁਆਲੇ ਦੀ ਚਮੜੀ ਦਰਮਿਆਨ ਇੱਕ ਅਸਾਧਾਰਣ ਜੋੜ ਬਣਨਾ)

## ਰੋਕਥਾਮ Prevention

ਜੇ ਤੁਹਾਡੇ ਨਵੇਂ ਕਾਮੁਕ ਸਾਥੀ ਹਨ ਜਾਂ ਤੁਸੀਂ ਬੇਪਾਬੰਦਗੀ ਵਾਲੇ ਖੁੱਲ੍ਹੇ ਪ੍ਰੇਮ ਸੰਬੰਧਾਂ ਵਿੱਚ ਹੋ ਤਾਂ ਤੁਹਾਨੂੰ ਜਿਨਸੀ ਸੰਬੰਧਾਂ ਕਾਰਣ ਲੱਗਣ ਵਾਲੀਆਂ ਬਿਮਾਰੀਆਂ (ਐੱਸ ਟੀ ਆਈ) ਵਾਸਤੇ ਵਿਸ਼ੇਸ਼ ਤੌਰ ’ਤੇ ਬਾਕਾਇਦਾ ਟੈਸਟ ਕਰਾਉਣੇ ਚਾਹੀਦੇ ਹਨ। ਆਪਣੇ ਕਾਮੁਕ ਸਾਥੀਆਂ ਨਾਲ ਸੁਰੱਖਿਅਤ ਸੰਭੋਗ ਬਾਰੇ ਗੱਲ ਕਰਨ ਦਾ ਮਤਲਬ ਹੈ ਕਿ ਸਭ ਨੂੰ ਪਤਾ ਹੋਵੇਗਾ ਕਿ ਕੀ ਉਮੀਦ ਰੱਖਣੀ ਹੈ। ਜੇ ਨਿਰੋਧ ਤੁਹਾਡੇ ਲਈ ਸਹੀ ਕੰਮ ਕਰਨ ਤਾਂ ਇਹ ਵਧੀਆ ਰਹਿੰਦੇ ਹਨ – ਨਿਰੋਧ ਦਾ ਸਹੀ ਇਸਤੇਮਾਲ ਤੁਹਾਨੂੰ ਅਤੇ ਤੁਹਾਡੇ ਤੋਂ ਕਿਸੇ ਹੋਰ ਨੂੰ ਪ੍ਰੌਕਟਾਇਟਿਸ ਕਰਨ ਵਾਲੀਆਂ ਐੱਸ ਟੀ ਆਈ ਹੋਣ ਦੇ ਆਸਾਰ ਘਟਾਉਂਦਾ ਹੈ।

## ਵਸੀਲੇ Resources

**SmartSexResource (ਸਮਾਰਟ ਸੈਕਸ ਰੀਸੋਰਸ) – ਜੇ ਤੁਹਾਨੂੰ ਪ੍ਰੌਕਟਾਇਟਿਸ ਬਾਰੇ ਫ਼ਿਕਰ ਜਾਂ ਬੇਚੈਨੀ ਹੈ**

https://smartsexresource.com/topics/worry-and-anxiety

**TransCareBC (ਟ੍ਰਾਂਸ ਕੇਅਰ ਬੀ ਸੀ) – ਹਰ ਲਿੰਗ ਲਈ ਹਾਮੀ ਭਰਨ ਵਾਲੀ ਕਾਮੁਕ ਅਤੇ ਪੁਨਰ–ਉਤਪਤੀ ਸਿਹਤ ਜਾਣਕਾਰੀ**

http://www.phsa.ca/transcarebc/care-support/access-care/sexual-hlth